(This question paper contains 1 printed page)

Roll No.

Sl. No of Question Paper: 494

Unique Paper Code: 212551 D

Name of the Paper: Paper-V: Punjabi Discipline 'A'

Name of the Course: B. A. (Prog.) Punjabi

Semester: V

Duration : 3 hrs Max Marks : 75

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਆਪਣੀ ਪਾਠ-ਪੁਸਤਕ 'ਕਾਵਿ-ਸੁਰਾਂ' ਵਿਚੋਂ ਆਧੁਨਿਕ ਪੰਜਾਬੀ-ਕਵਿਤਾ ਦੇ ਕਿਹੋ ਜਿਹੇ ਨਕਸ਼ ਉੱਭਰਦੇ ਹਨ? ਵਿਚਾਰ ਕਰੋ। 15

ਜਾਂ

ਹੇਠਾਂ ਦਿੱਤੀਆਂ ਕਾਵਿ-ਰਚਨਾਵਾਂ ਵਿਚੋਂ ਕਿਸੇ ਇਕ ਦੀ ਆਲੋਚਨਾਤਮਕ-ਪਛਾਣ ਪੇਸ਼ ਕਰੋ :
ਸੁਨੇਹੜੇ, ਇਨਸਾਨਿਸਤਾਨ, ਖੇੜਾ।

2. ਹੇਠਾਂ ਦਿੱਤੇ ਪ੍ਰਸ਼ਨਾਂ ਵਿਚ ਦੋ ਦੇ ਸੰਖੇਪ ਵਿਚ ਜਵਾਬ ਦਿਉ : 10

1) 'ਅਨਦਾਤਾ' ਕਵਿਤਾ ਵਿਚ ਇਸਤ੍ਰੀ ਦਾ ਕਿਹੋ ਜਿਹਾ ਸਰੂਪ ਉੱਘੜਦਾ ਹੈ?

2) ''ਕੱਤਕ ਦੀਆਂ ਨਵੀਆਂ ਕੂੰਜਾਂ
ਦਿਲ ਉਕਸਾਵਣ ਪਈਆਂ
ਸੀਨਿਆਂ ਅੰਦਰ ਉਤਰ ਉਤਰ ਕੇ
ਦਰਦ ਜਗਾਵਣ ਪਈਆਂ
ਕਾਸ਼! ਇਨ੍ਹਾਂ ਦੀ ਬੋਈ ਵਿਚੋਂ
ਨਵਾਂ ਯੁਗ ਕੋਈ ਜਾਗੇ''

ਉਪਰੋਕਤ ਸਤਰਾਂ ਵਿਚ ਕਵੀ 'ਕੱਤਕ ਕੂੰਜਾਂ ਕਿਨ੍ਹਾਂ ਨੂੰ ਕਹਿੰਦਾ ਹੈ? ਪ੍ਰਸੰਗ ਸਹਿਤ ਵਿਆਖਿਆ ਕਰੋ।

3) 'ਰਾਧਾ ਸੰਦੇਸ਼' ਕਵਿਤਾ ਵਿਚ ਰਾਧਾ ਤੇ ਕ੍ਰਿਸ਼ਨ ਦੇ ਸੰਬੰਧਾਂ ਦੀ ਕਿਹੋ ਜਿਹੀ ਪੇਸ਼ਕਾਰੀ ਹੋਈ ਹੈ?

3. ਇਕਾਂਗੀ ਤੋਂ ਤੁਸੀਂ ਕੀ ਸਮਝਦੇ ਹੋ? ਹਰਸਰਨ ਸਿੰਘ ਦੇ ਚੋਣਵੇਂ ਇਕਾਂਗੀ ਦੇ ਆਧਾਰ 'ਤੇ ਆਪਣੇ ਵਿਚਾਰ ਸਾਂਝੇ ਕਰੋ। 15

ਜਾਂ

ਹੇਠਾਂ ਦਿੱਤੇ ਇਕਾਂਗੀਆਂ ਵਿਚੋਂ ਕਿਸੇ ਇਕ ਦੀ ਆਲੋਚਨਾਤਮਕ ਪਛਾਣ ਪੇਸ਼ ਕਰੋ :
ਵਫ਼ਾ ਦੀ ਰਲਕੀ, ਐਜੀਟੇਸ਼ਨ, ਮਾਮੂਲੀ ਲੋਕ।

4. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਦੋ ਦੇ ਸੰਖੇਪ ਵਿਚ ਉੱਤਰ ਦਿਉ : 10

1) 'ਜੋਤ ਤੋ ਜੋਤ ਜਗੇ' ਨਾਟਕ ਵਿਚ ਲੇਖਕ ਦਾ ਕੀ ਭਾਵ ਹੈ? ਉਹ ਆਪਣੇ ਵਿਚਾਰ ਪਾਤਰਾਂ ਰਾਹੀਂ ਕਿਵੇਂ ਸਾਕਾਰ ਕਰਦਾ ਹੈ?

2) 'ਤਰੇੜ' ਇਕਾਂਗੀ ਵਿਚ ਰਿਸ਼ਤਿਆਂ ਵਿਚ ਤਰੇੜ ਕਿਵੇਂ ਨਜ਼ਰ ਆਉਂਦੀ ਹੈ? ਪਾਤਰ ਤੇ ਸਥਿਤੀਆਂ ਦਾ ਹਵਾਲਾ ਦੇ ਕੇ ਸਮਝਾਉ।

3) 'ਛੂਈ ਮੁਈ' ਸਿਰਲੇਖ ਰਾਹੀਂ ਕਿਸ ਸਥਿਤੀ ਜਾਂ ਪਾਤਰ ਵੱਲ ਸੰਕੇਤ ਕੀਤਾ ਗਿਆ ਹੈ?

5. ਹੇਠਾਂ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਤੇ ਸੰਖੇਪ ਕਰਕੇ ਸਿਰਲੇਖ ਵੀ ਦਿਉ : 5

''ਮਹਾਨ ਗ੍ਰੰਥ ਵਿਚਾਰਾਂ ਨੂੰ ਸਿਹਤਮੰਦ ਬਣਾਉਂਦੇ ਹਨ।ਮਨ ਅੰਦਰ ਵਿਸ਼ਾਲ ਤੇ ਪ੍ਰਮਾਣਿਕ ਦ੍ਰਿਸ਼ਟੀ ਪੈਦਾ ਕਰਦੇ ਹਨ। ਸੰਸਾਰ ਬੇਸ਼ਕ ਜ਼ਹਿਰ ਦਾ ਪੇੜ ਹੈ, ਪਰ ਕਵਿਤਾ ਦਾ ਸਵਾਦ ਤੇ ਸੱਜਣਾਂ ਨਾਲ ਵਾਰਤਾਲਾਪ, ਦੋ ਅੰਮ੍ਰਿਤ ਫ਼ਲ ਹਨ। ਕੁਝ ਪੁਸਤਕਾਂ ਮਨ ਪਰਚਾਵੇ, ਕੁਝ ਗਿਆਨ ਦੇ ਵਾਧੇ ਅਤੇ ਕੁਝ ਜੀਵਨ ਦੇ ਵਿਕਾਸ ਵਿਚ ਹਿੱਸਾ ਪਾਉਂਦੀਆਂ ਹਨ, ਸੰਸਕ੍ਰਿਤ ਦੇ ਇਕ ਸਲੋਕ ਵਿਚ ਕਿਹਾ ਗਿਆ ਹੈ : ਸੰਸਾਰ ਹੈ ਤਾਂ ਜ਼ਹਿਰ ਦਾ ਬਿਰਖ, ਪਰ ਦੋ ਅੰਮ੍ਰਿਤ ਫ਼ਲਾਂ ਕਾਰਨ ਮੁਲਵਾਨ ਹੋ ਜਾਂਦਾ ਹੈ।

ਕੁਝ ਕਿਤਾਬਾਂ ਮਨ ਪਰਚਾਵੇ ਦਾ ਸਾਧਨ ਬਣਦੀਆਂ ਹਨ ਤੇ ਕੁਝ ਸਾਡੇ ਜੀਵਨ ਨੂੰ ਤਰੱਕੀ ਦੇ ਰਾਹ 'ਤੇ ਲੈ ਜਾਂਦੀਆਂ ਹਨ। ਇਨ੍ਹਾਂ ਨੂੰ ਪੜ੍ਹਨਾਂ ਤੇ ਘੋਖਣਾ ਸਾਡੇ ਜੀਵਨ ਦੀ ਬਿਹਤਰੀ ਲਈ ਜਰੂਰੀ ਹੈ।''

6. ੳ) ਪੰਜਾਬੀ ਸ਼ਬਦ-ਜੋੜਾਂ ਦੇ ਕੋਈ ਪੰਜ ਨੇਮਾਂ ਨੂੰ ਉਦਾਹਰਣਾਂ ਸਮੇਤ ਪੇਸ਼ ਕਰੋ। 5

ਅ) ਲਗਾਂ ਤੋਂ ਤੁਸੀਂ ਕੀ ਸਮਝਦੇ ਹੋ?ਪੰਜਾਬੀ ਦੇ ਲਗਾਖਰ ਕਿਹੜੇ ਹਨ? ਉਦਾਹਰਣਾਂ ਵੀ ਪੇਸ਼ ਕਰੋ। 5

ੲ) 'ਕਾਰਕ' ਨੂੰ ਪਰਿਭਾਸ਼ਤ ਕਰੋ ਤੇ ਦੱਸੋ ਕਿ ਕਾਰਕ ਕਿੰਨੀ ਪ੍ਰਕਾਰ ਦੇ ਹਨ? 5

ਸ) ਹੇਠਾਂ ਦਿੱਤੇ ਸ਼ਬਦਾਂ ਵਿਚੋਂ ਅਗੇਤਰ ਤੇ ਪਿਛੇਤਰ ਪਛਾਣੋ : 5

ਦਵਾਖ਼ਾਨਾ, ਹਮਸ਼ਕਲ, ਕਮਅਕਲ, ਨਿਰਦੋਸ਼, ਪਰਉਪਕਾਰ, ਸ਼ਾਹਕਾਰ, ਹਰਾਮਖ਼ੋਰ, ਮਨਮੁਖ, ਆਰਾਮਦਾਇਕ, ਪਾਠਸ਼ਾਲਾ।